ਨਸਲੀ ਬਰਾਬਰਤਾ ਨੂੰ ਉਤਸ਼ਾਹਿਤ ਕਰਨ ਬਾਰੇ ਮੌਜੂਦਾ ਅਤੇ ਯੋਜਨਾਬੱਧ ਉਪਾਅ

ਰੇਡੀਓ ਟੈਲੀਵਿਜ਼ਨ ਹਾਂਗ ਕਾਂਗ

ਰੇਡੀਓ ਟੈਲੀਵਿਜ਼ਨ ਹਾਂਗ ਕਾਂਗ (RTHK) ਹਾਂਗ ਕਾਂਗ ਦਾ ਪਬਲਿਕ ਸੇਵਾ ਪ੍ਰਸਾਰਕ ਹੈ ਜੋ ਰੇਡੀਓ, ਟੈਲੀਵਿਜ਼ਨ (TV) ਅਤੇ ਨਵੀਆਂ ਮੀਡੀਆ ਸੇਵਾਵਾਂ ਪ੍ਰਦਾਨ ਕਰਦਾ ਹੈ।

ਸਬੰਧਿਤ ਸੇਵਾਵਾਂ

- RTHK ਕਮਿਊਨਿਟੀ, ਗੈਰ-ਸਰਕਾਰੀ ਸੰਗਠਨਾਂ ਅਤੇ ਘੱਟ ਅਧਿਕਾਰ ਵਾਲਿਆਂ ਨੂੰ ਕਮਿਊਨਿਟੀ ਇਨਵਲਵਮੈਂਟ ਬ੍ਰੌਡਕਾਸਟਿੰਗ ਸਰਵਿਸ (CIBS) ਦੇ ਪ੍ਰਬੰਧਾਂ ਦੁਆਰਾ ਪ੍ਰਸਾਰਣ ਵਿੱਚ ਹਿੱਸਾ ਲੈਣ ਲਈ ਇਕ ਮੰਚ ਪ੍ਰਦਾਨ ਕਰਨ ਲਈ ਆਪਣੇ ਰੇਡੀਓ ਏਅਰਟਾਈਮ ਦਾ ਕੁਝ ਹਿੱਸਾ ਸਮਰਪਿਤ ਕਰ ਰਿਹਾ ਹੈ।

ਮੌਜੂਦਾ ਉਪਾਅ

- CIBS ਦੇ ਅਧੀਨ, ਵੱਖ ਵੱਖ ਨਸਲਾਂ ਦੇ ਸਮੇਤ ਯੋਗ ਵਿਅਕਤੀ ਅਤੇ ਸੰਸਥਾਵਾਂ RTHK 'ਤੇ ਪ੍ਰਸਾਰਿਤ ਕੀਤੇ ਜਾਣ ਵਾਲੇ ਰੇਡੀਓ ਪ੍ਰੋਗਰਾਮਾਂ ਦੇ ਨਿਰਮਾਣ ਲਈ ਅਰਜ਼ੀ ਦੇ ਸਕਦੇ ਹਨ।
- RTHK ਉਨ੍ਹਾਂ ਸਫ਼ਲ ਬਿਨੈਕਾਰਾਂ ਨੂੰ ਵਿੱਤੀ ਸਹਾਇਤਾ ਪ੍ਰਦਾਨ ਕਰਦਾ ਹੈ ਜੋ CIBS ਅਧੀਨ ਪ੍ਰੋਗਰਾਮਾਂ ਦੀ ਪੇਸ਼ਕਸ਼ ਕਰਨ ਵਿੱਚ ਦਿਲਚਸਪੀ ਰੱਖਦੇ ਹਨ।
- CIBS ਇਸ ਸਮੇਂ ਹਰ ਹਫ਼ਤੇ 17 ਘੰਟੇ ਦੇ ਪਰੋਗਰ ਪ੍ਰਸਾਰਿਤ ਕਰਦਾ ਹੈ। ਉਨ੍ਹਾਂ ਵਿੱਚੋਂ, ਘੱਟੋ-ਘੱਟ 5 ਘੰਟੇ ਦਾ ਸਮਾਂ ਵਿਸ਼ੇਸ਼ ਤੌਰ 'ਤੇ ਘੱਟ ਗਿਣਤੀਆਂ ਦੇ ਵਿਸ਼ੇ ਲਈ ਹੁੰਦਾ ਹੈ। ਹੁਣ ਤੱਕ, ਪ੍ਰਸਾਰਣ ਪ੍ਰੋਗਰਾਮਾਂ ਦੀਆਂ ਭਾਸ਼ਾਵਾਂ ਵਿੱਚ ਕੈਂਟੋਨੀਜ਼, ਪੁਟੋਂਗਹੁਆ, ਅੰਗਰੇਜ਼ੀ, ਅਫਰੀਕੀ, ਅਰਬੀ, ਹੱਕਾ, ਹਿੰਦੀ, ਜਾਪਾਨੀ, ਕਰਨਾਟਕ, ਕੋਰੀਅਨ, ਨੇਪਾਲੀ, ਪੰਜਾਬੀ, ਸੰਸਕ੍ਰਿਤ, ਸਪੈਨਿਸ਼, ਤਾਗਾਲੋਗ, ਤਾਮਿਲ, ਤੇਲਗੂ, ਥਾਈ ਅਤੇ ਉਰਦੂ ਸ਼ਾਮਲ ਹਨ।

ਭਵਿੱਖ ਦੇ ਕੰਮ ਦਾ ਮੁਲਾਂਕਣ	• RTHK CIBS ਪ੍ਰੋਗਰਾਮਾਂ ਵਿੱਚ ਜਨਤਾ ਦੀ ਜਾਗਰੂਕਤਾ ਅਤੇ ਭਾਗੀਦਾਰੀ ਦੀ ਸਹੂਲਤ ਲਈ CIBS ਨੂੰ ਉਤਸ਼ਾਹਿਤ ਕਰਨਾ ਜਾਰੀ ਰੱਖੇਗਾ। ਪ੍ਰਚਾਰ ਦੇ ਯਤਨਾਂ ਵਿੱਚ ਘੱਟ ਗਿਣਤੀ ਲੋਕਾਂ ਦੀਆਂ ਅਖ਼ਬਾਰਾਂ ਅਤੇ ਰਸਾਲਿਆਂ, ਸੋਸ਼ਲ ਮੀਡੀਆ ਪਲੇਟਫਾਰਮਾਂ, ਰੇਡੀਓ ਅਤੇ ਟੀਵੀ ਟ੍ਰੇਲਰਾਂ 'ਤੇ ਵੱਖ ਵੱਖ ਨਸਲਾਂ ਦੇ ਲੋਕਾਂ ਨੂੰ ਨਿਸ਼ਾਨਾ ਬਣਾਉਂਦੇ ਇਸ਼ਤਿਹਾਰ ਸ਼ਾਮਲ ਹਨ। ਇਸ ਤੋਂ ਇਲਾਵਾ, RTHK ਵੱਖ ਵੱਖ ਨਸਲਾਂ ਦੇ ਲੋਕਾਂ ਸਮੇਤ CIBS ਨਿਰਮਾਤਾਵਾਂ ਅਤੇ ਪ੍ਰਤਿਭਾਵਾਂ ਨੂੰ ਵੱਖ-ਵੱਖ ਪ੍ਰਚਾਰ ਗਤੀਵਿਧੀਆਂ ਵਿੱਚ ਹਿੱਸਾ ਲੈਣ ਲਈ ਸੱਦਾ ਦੇਣਾ ਜਾਰੀ ਰੱਖੇਗਾ; ਅਤੇ CIBS ਅਧੀਨ ਪ੍ਰੋਗਰਾਮਾਂ ਲਈ ਅਰਜ਼ੀ ਦੇਣ ਜਾਂ ਪ੍ਰੋਗਰਾਮ ਤਿਆਰ ਕਰਨ ਵਾਲਿਆਂ ਨੂੰ ਸਹਾਇਤਾ ਪ੍ਰਦਾਨ ਕਰੇਗਾ, ਅਤੇ ਪੇਸ਼ੇਵਰ ਉਤਪਾਦਕਾਂ ਦੁਆਰਾ ਵੱਖ-ਵੱਖ ਪ੍ਰੋਗਰਾਮਾਂ ਦੇ ਉਤਪਾਦਨ ਲਈ ਸਿਖਲਾਈ ਵਰਕਸ਼ਾਪਾਂ ਦਾ ਆਯੋਜਨ ਕਰੇਗਾ। ਉਦਾਹਰਨ ਲਈ, ਇੱਕ ਪਰਸਪਰ ਪਰਭਾਵਸ਼ੀਲ ਪ੍ਰੋਗਰਾਮ "CIBS EM ਪ੍ਰਸਾਰਣ ਦਿਵਸ" ਕ੍ਰਮਵਾਰ ਅਕਤੂਬਰ 2024 ਅਤੇ ਅਪ੍ਰੈਲ 2025 ਵਿੱਚ ਵੱਖ-ਵੱਖ ਗੈਰ-ਸਰਕਾਰੀ ਸੰਗਠਨਾਂ ਦੇ ਘੱਟ ਗਿਣਤੀਆਂ ਲਈ ਵਿਸ਼ੇਸ਼ ਤੌਰ 'ਤੇ ਸ਼ੁਰੂ ਕੀਤਾ ਗਿਆ ਸੀ।
ਕੀਤੇ ਗਏ/ ਕੀਤੇ ਜਾਣ ਵਾਲੇ ਹੋਰ ਉਪਾਅ	• RTHK CIBS ਵੈੱਬਸਾਈਟ ਨੂੰ ਅਪਡੇਟ ਅਤੇ ਬਿਹਤਰ ਬਣਾਏਗੀ ਤਾਂ ਜੋ ਜਨਤਾ ਆਸਾਨੀ ਨਾਲ CIBS ਐਪਲੀਕੇਸ਼ਨਾਂ ਅਤੇ ਪ੍ਰੋਗਰਾਮਾਂ ਬਾਰੇ ਢੁੱਕਵੀਂ ਜਾਣਕਾਰੀ ਪ੍ਰਾਪਤ ਕਰ ਸਕੇ ਅਤੇ ਫੀਡਬੈਕ ਦੇ ਸਕੇ। ਉਦਾਹਰਣ ਵਜੋਂ, ਨਵੰਬਰ 2024 ਤੋਂ CIBS ਵੈੱਬਸਾਈਟ ਨੂੰ ਅੱਠ ਘੱਟ ਗਿਣਤੀ ਲੋਕਾਂ ਦੀਆਂ ਭਾਸ਼ਾਵਾਂ ਪ੍ਰਦਾਨ ਕਰਨ ਲਈ ਵਧਾਇਆ ਗਿਆ ਹੈ। • RTHK ਦੇ ਸਹਿਕਰਮੀਆਂ ਨੂੰ ਨਸਲੀ ਸਮਾਨਤਾ ਪ੍ਰਤੀ ਜਾਗਰੂਕਤਾ ਅਤੇ ਸੰਵੇਦਨਸ਼ੀਲਤਾ ਵਧਾਉਣ ਲਈ ਸਿਖਲਾਈ ਵਿੱਚ ਸ਼ਾਮਲ ਹੋਣ ਦਾ ਪ੍ਰਬੰਧ ਕੀਤਾ ਜਾਵੇਗਾ।

ਨਸਲੀ ਬਰਾਬਰਤਾ ਨੂੰ ਉਤਸ਼ਾਹਿਤ ਕਰਨ ਬਾਰੇ ਮੌਜੂਦਾ ਅਤੇ ਯੋਜਨਾਬੱਧ ਉਪਾਵਾਂ ਬਾਰੇ ਪੁੱਛਗਿੱਛ ਲਈ ਕਿਰਪਾ ਕਰਕੇ ਸੰਪਰਕ ਕਰੋ-

ਨਾਮ:	:	ਕੌਕ ਵਿੰਗ- ਫਾਈ (KWOK Wing-fai)
ਅਹੁਦਾ:	:	ਸੀਨੀਅਰ ਕਾਰਜਕਾਰੀ ਅਧਿਕਾਰੀ (ਜਨਰਲ)
ਟੈਲੀਫ਼ੋਨ ਨੰਬਰ:	:	2339 6302
ਫੈਕਸ ਨੰਬਰ:	:	2338 0279
(ਈਮੇਲ)	:	kwokwf@rthk.hk
ਡਾਕ ਲਈ ਪਤਾ:	:	30 Broadcast Drive, Kowloon, Hong Kong

ਰੇਡੀਓ ਟੈਲੀਵਿਜ਼ਨ ਹਾਂਗ ਕਾਂਗ

ਮਈ 2025